## ਪਾਠ– 2
## HTML ਭਾਗ – I

**ਪ੍ਰਸ਼ਨ:1 ਬਹੁ-ਪਸੰਦੀ ਪ੍ਰਸ਼ਨ:**

1. ____________ ਵੈਬਸਾਈਟਾਂ ਜਾਂ ਵੈਬ ਪੇਜਾਂ ਦਾ ਸੰਗ੍ਰਹਿ ਹੁੰਦਾ ਹੈ।
   ੳ. ਵਰਲਡ ਵਾਈਡ ਵੈਬ  ਅ. ਵੈਬ ਸਾਈਟਸ  ੲ. HTML  ਸ. ਹਾਈਪਰ ਟੈਕਸਟ
2. ____________ ਉਹ ਟੈਕਸਟ ਹੁੰਦਾ ਹੈ ਜਿਸ ਵਿਚ ਦੂਜੇ ਵੈਬ-ਪੇਜਾਂ ਦੇ ਲਿੰਕ ਮੋਜੂਦ ਹੁੰਦੇ ਹਨ।
   ੳ. ਸਟੈਟਿਕ ਟੈਕਸਟ  ਅ. ਹਾਈਪਰ ਟੈਕਸਟ  ੲ. ਪਲੇਨ ਟੈਕਸਟ (Plain Text)  ਸ. ਉਪਰੋਕਤ ਸਾਰੇ
3. HTML ਪ੍ਰੋਗਰਾਮ ਦੀ ਆਉਟਪੁੱਟ ਨੂੰ ਵੇਖਣ ਲਈ ਸਾਨੂੰ ਉਸ ਡਾਕੂਮੈਂਟ ਨੂੰ ________ ਵਿਚ ਓਪਨ ਕਰਨਾ ਪੈਂਦਾ ਹੈ।
   ੳ. ਟੈਕਸਟ ਐਡੀਟਰ  ਅ. ਵਰਡ ਪ੍ਰੋਸੈਸਰ  ੲ. ਫਾਈਲ ਐਕਸਪਲੋਰਰ  ਸ. ਵੈਬ ਬ੍ਰਾਊਜ਼ਰ
4. ________ ਦੀ ਵਰਤੋਂ HTML ਟੈਗਜ਼ ਬਾਰੇ ਵਧੇਰੇ ਜਾਣਕਾਰੀ ਪ੍ਰਦਾਨ ਕਰਨ ਲਈ ਕੀਤੀ ਜਾਂਦੀ ਹੈ।
   ੳ. ਪੇਅਰਡ ਟੈਗਜ਼  ਅ. ਅਨਪੇਅਰਡ ਟੈਗਜ਼  ੲ. ਮੇਟਾ-ਡਾਟਾ  ਸ. ਐਟਰੀਬਿਊਟਸ
5. ਵੈਬ ਪੇਜ ਵਿਚ _____ ਟੈਗ ਦੀ ਵਰਤੋਂ ਟੈਕਸਟ ਅਤੇ ਤਸਵੀਰਾਂ ਆਦਿ ਨੂੰ ਸਕ੍ਰੋਲ (scroll) ਕਰਨ ਲਈ ਕੀਤੀ ਜਾਂਦਾ ਹੈ।
   ੳ. <title>  ਅ. <center>  ੲ. <marquee>  ਸ. <sup>

**ਪ੍ਰਸਨ:2 ਖਾਲੀ ਥਾਵਾਂ ਭਰੋ:**

1. ਪੇਅਰਡ ਟੈਗਜ਼ ਨੂੰ __________ ਟੈਗਜ਼ ਵੀ ਕਿਹਾ ਜਾਂਦਾ ਹੈ।
2. ______ ਭਾਗ ਵਿੱਚ ਉਹ ਸਾਰੇ ਕੰਟੈਂਟਸ ਸ਼ਾਮਲ ਹੁੰਦੇ ਹਨ ਜੋ ਵੈੱਬਪੇਜ਼ ਉਪਰ ਯੂਜ਼ਰ ਨੂੰ ਪ੍ਰਦਰਸ਼ਿਤ ਕੀਤੇ ਜਾਂਦੇ ਹਨ।
3. <! DOCTYPE html> ਟੈਗ HTML ਦੇ ________ ਨੂੰ ਬਿਆਨ ਕਰਦਾ ਹੈ।
4. _________ ਟੈਗ ਦੀ ਵਰਤੋਂ ਸਿੰਗਲ ਲਾਈਨ ਬ੍ਰੇਕ ਦਾਖਲ ਕਰਨ ਲਈ ਕੀਤੀ ਜਾਂਦੀ ਹੈ।
5. __________ ਟੈਗ ਦੀ ਵਰਤੋਂ HTML ਡਾਕੂਮੈਂਟ ਵਿਚ ਸਬਸਕ੍ਰੀਪਟ (subscript) ਦਾਖਲ ਕਰਨ ਲਈ ਕੀਤੀ ਜਾਂਦੀ ਹੈ।
6. __________ ਐਟਰੀਬਿਊਟ ਦੀ ਵਰਤੋਂ HTML ਡਾਕੂਮੈਂਟ ਦੀ ਬੈਕਗ੍ਰਾਊਂਡ ਉਪਰ ਤਸਵੀਰ ਸੈਟ ਕਰਨ ਲਈ ਕੀਤੀ ਜਾਂਦੀ ਹੈ।

ਉੱਤਰ: 1. ਕੰਟੇਨਰ ਟੈਗਜ਼  2. ਬਾਡੀ  3. ਵਰਜ਼ਨ 5
2. <br>  5.<sub>  6. background

**ਪ੍ਰਸ਼ਨ:3 ਹੇਠਾਂ ਦਿਤੇ HTML ਟੈਗਜ਼ ਦੇ ਪੂਰੇ ਰੂਪ ਲਿਖੋ।**

| | | | | | |
|---|---|---|---|---|---|
| 1. | <B> | ਬੋਲਡ (Bold) | 6. | <TT> | ਟੈਲੀਟਾਈਪ ਟੈਕਸਟ (Teletype Text) |
| 2. | <I> | ਇਟੈਲਿੱਕ (Italic) | 7. | <HR> | ਹਾਰੀਜੌਂਟਲ ਰੂਲਰ (Horizontal Ruler) |
| 3. | <U> | ਅੰਡਰਲਾਈਨ (Underline) | 8. | <BR> | ਬ੍ਰੇਕ ਲਾਈਨ (Break Line) |
| 4. | <S> | ਸਟ੍ਰਾਈਕਥਰੋ (Strikethrough) | 9. | <SUP> | ਸੁਪਰਸਕ੍ਰੀਪਟ (Super Script) |
| 5. | <P> | ਪੈਰਾਗ੍ਰਾਫ (Paragraph) | 10. | <SUB> | ਸਬਸਕ੍ਰੀਪਟ (Sub Script) |

**ਪ੍ਰਸ਼ਨ:4 ਛੋਟੇ ਉੱਤਰਾਂ ਵਾਲੇ ਪ੍ਰਸ਼ਨ:**

**ਪ੍ਰਸ਼ਨ 1. HTML ਕੀ ਹੈ?**

ਉੱਤਰ: HTML ਦਾ ਪੂਰਾ ਨਾਂ ਹਾਈਪਰਟੈਕਸਟ ਮਾਰਕ-ਅੱਪ ਲੈਂਗੁਏਜ਼ ਹੈ। ਇਹ ਇੱਕ ਸਧਾਰਨ ਟੈਕਸਟ ਅਧਾਰਤ ਭਾਸ਼ਾ ਹੈ। ਇਸ ਦੀ ਵਰਤੋਂ ਵੈੱਬਪੇਜ ਬਣਾਉਣ ਲਈ ਕੀਤੀ ਜਾਂਦੀ ਹੈ। ਵੈਬਪੇਜਾਂ ਵਿੱਚ ਵਰਤੀਆਂ ਜਾਣ ਵਾਲੀਆਂ HTML ਕਮਾਂਡਾਂ ਨੂੰ ਟੈਗਜ਼ ਕਿਹਾ ਜਾਂਦਾ ਹੈ। HTML ਟੈਗਜ਼ ਲਈ ਐਂਗੁਲਰ ਬਰੈਕਟਾਂ (<>) ਦੀ ਵਰਤੋਂ ਕੀਤੀ ਜਾਂਦੀ ਹੈ। HTML ਵਿੱਚ ਦੋ ਤਰ੍ਹਾਂ ਦੇ ਟੈਗ ਵਰਤੇ ਜਾਂਦੇ ਹਨ:

- ਪੇਅਰਡ ਜਾਂ ਕੰਟੇਨਰ ਟੈਗ
- ਅਨਪੇਅਰਡ ਜਾਂ ਐਂਪਟੀ ਟੈਗ

**ਪ੍ਰਸ਼ਨ 2. HTML ਪ੍ਰੋਗਰਾਮਿੰਗ ਲਈ ਵਰਤੇ ਜਾਣ ਵਾਲੇ ਸਾਫਟਵੇਅਰਾਂ ਦੇ ਨਾਂ ਲਿਖੋ।**

ਉੱਤਰ: HTML ਪ੍ਰੋਗਰਾਮਿੰਗ ਲਈ ਹੇਠਾਂ ਦਿੱਤੇ ਸਾਫਟਵੇਅਰ ਵਰਤੇ ਜਾਂਦੇ ਹਨ:

- ਟੈਕਸਟ ਐਡੀਟਰ: ਨੋਟਪੈਡ, ਨੋਟਪੈਡ++, ਸਬਲਾਈਮ ਆਦਿ।
- ਵੈੱਬ ਬ੍ਰਾਊਜ਼ਰ: ਇੰਟਰਨੈੱਟ ਐਕਸਪਲੋਰਰ, ਗੂਗਲ ਕਰੋਮ, ਫਾਇਰਫਾਕਸ ਆਦਿ।

**ਪ੍ਰਸ਼ਨ 3. ਐਟਰੀਬਿਊਟਸ (attributes) ਕੀ ਹੁੰਦੇ ਹਨ?**

ਉੱਤਰ: ਐਟਰੀਬਿਊਟਸ HTML ਟੈਗਜ਼ ਦੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ। ਇਹਨਾਂ ਦੀ ਵਰਤੋਂ HTML ਟੈਗਜ਼ ਬਾਰੇ ਵਾਧੂ ਜਾਣਕਾਰੀ ਪ੍ਰਦਾਨ ਕਰਨ ਲਈ ਕੀਤੀ ਜਾਂਦੀ ਹੈ। ਇਹ ਐਟਰੀਬਿਊਟਸ ਹਮੇਸ਼ਾ ਟੈਗ ਦੇ ਓਪਨਿੰਗ ਟੈਗ ਵਿੱਚ ਲਿਖੇ ਜਾਂਦੇ ਹਨ। ਇਹਨਾਂ ਨੂੰ ਆਮ ਤੌਰ 'ਤੇ ਨਾਮ/ਮੁੱਲ (name="value") ਜੋੜਿਆਂ ਵਿੱਚ ਲਿਖਿਆ ਜਾਂਦਾ ਹੈ। ਐਟਰੀਬਿਊਟ ਦੇ ਮੁੱਲਾਂ ਨੂੰ ਹਮੇਸ਼ਾਂ ਡਬਲ ਕੁਟੇਸ਼ਨ ਚਿੰਨ੍ਹਾਂ ਵਿੱਚ ਲਿਖਿਆ ਜਾਣਾ ਚਾਹੀਦਾ ਹੈ।

ਉਦਾਹਰਨ: <Table border="1">

ਇੱਥੇ border ਟੇਬਲ ਟੈਗ ਦਾ ਐਟਰੀਬਿਊਟ ਹੈ ਅਤੇ "1" border ਐਟਰੀਬਿਊਟ ਦਾ ਮੁੱਲ ਹੈ।

**ਪ੍ਰਸ਼ਨ 4. HTML ਵਿਚ ਫਾਰਮੈਟਿੰਗ ਲਈ ਵਰਤੇ ਜਾਣ ਵਾਲੇ ਕੋਈ 5 ਟੈਗਜ਼ ਦੇ ਨਾਂ ਲਿਖੋ। ਉੱਤਰ:**

ਉੱਤਰ: HTML ਵਿੱਚ ਫਾਰਮੈਟਿੰਗ ਲਈ ਵਰਤੇ ਜਾਣ ਵਾਲੇ ਮੁੱਖ ਟੈਗ ਹੇਠਾਂ ਦਿਤੇ ਗਏ ਹਨ:

- <B> ਟੈਗ ਬੋਲਡ ਕਰਨ ਲਈ
- <I> ਟੈਗ ਇਟੈਲਿੱਕ ਕਰਨ ਲਈ
- <U> ਟੈਗ ਅੰਡਰਲਾਈਨ ਕਰਨ ਲਈ
- <S> ਟੈਗ ਸਟ੍ਰਾਈਕਥਰੋ ਕਰਨ ਲਈ
- <SUP> ਟੈਗ ਸੁਪਰਸਕ੍ਰਿਪਟ ਕਰਨ ਲਈ

**ਪ੍ਰਸ਼ਨ 5. ਤੁਸੀਂ HTML ਡਾਕੂਮੈਂਟ ਵਿਚ ਟੈਕਸਟ ਅਤੇ ਤਸਵੀਰਾਂ ਨੂੰ ਕਿਵੇਂ ਸਕ੍ਰੋਲ (scroll) ਕਰ ਸਕਦੇ ਹੋ?**
**ਉੱਤਰ: <Marquee> ਟੈਗ HTML ਦਾ ਇੱਕ ਮਹੱਤਵਪੂਰਨ ਟੈਗ ਹੈ। ਇਹ ਟੈਗ ਵੈੱਬ ਪੇਜ ਅੰਦਰ ਸਕ੍ਰੋਲਏਬਲ (scrollable) ਟੈਕਸਟ ਅਤੇ ਚਿੱਤਰ ਬਣਾਉਣ ਲਈ ਵਰਤਿਆ ਜਾਂਦਾ ਹੈ। ਇਹ ਜਾਂ ਤਾਂ ਲੇਟਵੇਂ ਰੂਪ ਵਿਚ - ਖੱਬੇ ਤੋਂ ਸੱਜੇ ਜਾਂ ਸੱਜੇ ਤੋਂ ਖੱਬੇ, ਜਾਂ ਖੜਵੇਂ ਰੂਪ ਵਿਚ - ਉੱਪਰ ਤੋਂ ਹੇਠਾਂ ਜਾਂ ਹੇਠਾਂ ਤੋਂ ਉੱਪਰ ਵੱਲ ਸਕ੍ਰੋਲ ਕਰਦਾ ਹੈ। ਉਦਾਹਰਨ ਲਈ: <marquee direction="right">Scrolling Text</marquee>**

**ਪ੍ਰਸ਼ਨ:5 ਵੱਡੇ ਉੱਤਰਾਂ ਵਾਲੇ ਪ੍ਰਸ਼ਨ:**

**ਪ੍ਰਸ਼ਨ 1. ਟੈਗਜ਼ (Tags) ਕੀ ਹੁੰਦੇ ਹਨ? HTML ਵਿਚ ਵਰਤੇ ਜਾਣ ਵਾਲੇ ਟੈਗਜ਼ ਦੀਆਂ ਵੱਖ-ਵੱਖ ਕਿਸਮਾਂ ਦਾ ਵਰਨਣ ਕਰੋ।**
**ਉੱਤਰ: ਵੈਬਪੇਜਾਂ ਵਿੱਚ ਵਰਤੀਆਂ ਜਾਣ ਵਾਲੀਆਂ HTML ਕਮਾਂਡਾਂ ਨੂੰ ਟੈਗਜ਼ ਕਿਹਾ ਜਾਂਦਾ ਹੈ। ਇਹ ਵਿਸ਼ੇਸ਼ ਦਿਸ਼ਾ-ਨਿਰਦੇਸ਼ ਹੁੰਦੇ ਹਨ ਜੋ ਵੈੱਬ ਬ੍ਰਾਊਜ਼ਰ ਨੂੰ ਵਿਸ਼ੇਸ਼ ਕੰਮ ਕਰਨ ਲਈ ਨਿਰਦੇਸ਼ਿਤ ਕਰਦੇ ਹਨ। HTML ਟੈਗਜ਼ ਲਈ ਐਂਗੁਲਰ ਬਰੈਕਟਾਂ (<>) ਦੀ ਵਰਤੋਂ ਕੀਤੀ ਜਾਂਦੀ ਹੈ। HTML ਵਿੱਚ ਦੋ ਤਰ੍ਹਾਂ ਦੇ ਟੈਗ ਵਰਤੇ ਜਾਂਦੇ ਹਨ:**

1. **ਪੇਅਰਡ ਟੈਗਜ਼: ਇਹਨਾਂ ਟੈਗਜ਼ ਨੂੰ ਕੰਟੇਨਰ ਜਾਂ ਕੰਪੇਨੀਅਨ ਟੈਗਸ ਵਜੋਂ ਵੀ ਜਾਣਿਆ ਜਾਂਦਾ ਹੈ। ਇਹਨਾਂ ਟੈਗਜ਼ ਨੂੰ ਦੋ ਵਾਰ ਲਿਖਿਆ ਜਾਂਦਾ ਹੈ: ਪਹਿਲਾ ਟੈਗ ਓਪਨਿੰਗ ਟੈਗ (<>) ਹੁੰਦਾ ਹੈ ਅਤੇ ਦੂਜੇ ਨੂੰ ਕਲੋਜ਼ਿੰਗ ਟੈਗ (</>) ਕਿਹਾ ਜਾਂਦਾ ਹੈ। ਉਦਾਹਰਨ ਲਈ:**

   **<b>HTML From HTML</b>**

   ↑ ਓਪਨਿੰਗ ਟੈਗ ↑ ਕਲੋਜ਼ਿੰਗ ਟੈਗ

2. **ਅਨਪੇਅਰਡ ਟੈਗਸ: ਇਹਨਾਂ ਟੈਗਜ਼ ਨੂੰ ਐਂਪਟੀ ਜਾਂ ਸਿੰਗੁਲਰ ਟੈਗਜ਼ ਵਜੋਂ ਵੀ ਜਾਣਿਆ ਜਾਂਦਾ ਹੈ। ਇਹਨਾਂ ਟੈਗਾਂ ਨੂੰ ਬੰਦ ਕਰਨ ਦੀ ਲੋੜ ਨਹੀਂ ਹੈ। ਉਦਾਹਰਨ ਲਈ: <br>, <hr> ਟੈਗ ਆਦਿ।**

**ਪ੍ਰਸ਼ਨ 2. ਤੁਸੀਂ HTML ਡਾਕੂਮੈਂਟ ਵਿਚ ਫੌਂਟਸ (fonts) ਨਾਲ ਕਿਵੇਂ ਕੰਮ ਕਰੋਗੇ?**
**ਉੱਤਰ: HTML ਡਾਕੂਮੈਂਟ ਵਿੱਚ ਫੌਂਟਸ ਨਾਲ ਕੰਮ ਕਰਨ ਲਈ ਅਸੀਂ <Font> ਟੈਗ ਦੀ ਵਰਤੋਂ ਕਰਦੇ ਹਾਂ। <Font> ਟੈਗ ਇੱਕ ਕੰਟੇਨਰ ਟੈਗ ਹੈ। ਇਹ <Font> ਟੈਗ ਨਾਲ ਸ਼ੁਰੂ ਹੁੰਦਾ ਹੈ ਅਤੇ </Font> ਟੈਗ ਨਾਲ ਬੰਦ ਕੀਤਾ ਜਾਂਦਾ ਹੈ। ਟੈਕਸਟ ਦੇ ਆਕਾਰ, ਰੰਗ ਅਤੇ ਫੌਂਟ ਨੂੰ ਬਦਲਣ ਲਈ ਅਸੀਂ ਇਸ ਟੈਗ ਦੇ ਐਟਰੀਬਊਟਸ ਦੀ ਵਰਤੋਂ ਕਰ ਸਕਦੇ ਹਾਂ। <font> ਟੈਗ ਦੇ ਇਹਨਾਂ ਐਟਰੀਬਿਊਟਸ ਦੀ ਜਾਣਕਾਰੀ ਹੇਠਾਂ ਦਿੱਤੀ ਗਈ ਹੈ:**

- **Size: ਇਹ ਐਟਰੀਬਿਊਟ ਫੌਂਟ ਦੇ ਆਕਾਰ ਨੂੰ ਬਦਲਣ ਲਈ ਵਰਤਿਆ ਜਾਂਦਾ ਹੈ।**
- **Color: ਇਹ ਐਟਰੀਬਿਊਟ ਟੈਕਸਟ ਦਾ ਰੰਗ ਬਦਲਣ ਲਈ ਵਰਤਿਆ ਜਾਂਦਾ ਹੈ।**
- **Face: ਇਹ ਐਟਰੀਬਿਊਟ ਟੈਕਸਟ ਦੇ ਫੌਂਟ ਨੂੰ ਬਦਲਣ ਲਈ ਵਰਤੀ ਜਾਂਦਾ ਹੈ।**

**ਉਦਾਹਰਨ ਲਈ: <Font face= "arial" size= "2" color= "red"> Hello </font>**

**ਪ੍ਰਸ਼ਨ 3. HTML ਡਾਕੂਮੈਂਟ ਦੇ ਬਾਡੀ (body) ਭਾਗ ਦਾ ਵਰਨਣ ਕਰੋ? ਤੁਸੀਂ ਇਸਨੂੰ ਕਿਸ ਤਰ੍ਹਾਂ ਫਾਰਮੈਟ ਕਰੋਗੇ?**
**ਉੱਤਰ: HTML ਡਾਕੂਮੈਂਟ ਇੱਕ ਵੈਬ ਪੇਜ ਨੂੰ ਦਰਸਾਉਂਦਾ ਹੈ। BODY ਭਾਗ ਵੈਬ ਪੇਜ ਦਾ ਇੱਕ ਮਹੱਤਵਪੂਰਨ ਹਿੱਸਾ ਹੈ। BODY ਭਾਗ ਨੂੰ <BODY> ਟੈਗ ਨਾਲ ਪਰਿਭਾਸ਼ਿਤ ਕੀਤਾ ਜਾਂਦਾ ਹੈ ਜੋ ਕਿ ਇੱਕ ਕੰਟੇਨਰ ਟੈਗ ਹੈ। ਇਹ <BODY> ਟੈਗ ਨਾਲ ਸ਼ੁਰੂ ਹੁੰਦਾ ਹੈ ਅਤੇ </BODY> ਟੈਗ ਨਾਲ ਬੰਦ ਕੀਤਾ ਜਾਂਦਾ ਹੈ। ਵੈਬ ਪੇਜ਼ ਉਪਰ ਦਿਖਾਈ ਦੇਣ ਵਾਲੇ ਸਾਰੇ ਕੰਟੈਂਟਸ, ਜਿਵੇਂ ਕਿ ਟੈਕਸਟ, ਤਸਵੀਰਾਂ, ਵੀਡੀਓ, ਟੇਬਲ, ਲਿਸਟਾਂ, ਫਾਰਮ ਆਦਿ ਨੂੰ ਇਸ ਟੈਗ ਦੇ ਅੰਦਰ ਹੀ ਪਰਿਭਾਸ਼ਿਤ ਕੀਤਾ ਜਾਂਦਾ ਹੈ। HTML ਡਾਕੂਮੈਂਟ ਦਾ BODY ਭਾਗ ਕਲੋਜ਼ਿੰਗ ਹੈੱਡ ਟੈਗ (</head>) ਤੋਂ ਤੁਰੰਤ ਬਾਅਦ ਸ਼ੁਰੂ ਹੋਣਾ ਚਾਹੀਦਾ ਹੈ। ਵੈੱਬ ਪੇਜ ਦੇ HEAD ਅਤੇ BODY ਭਾਗ ਨੂੰ <HTML> ਅਤੇ </HTML> ਟੈਗਜ਼ ਦੇ ਵਿਚਕਾਰ ਰੱਖਿਆ ਜਾਂਦਾ ਹੈ। HTML ਡਾਕੂਮੈਂਟ ਦੀ ਬਾਡੀ ਨੂੰ ਫਾਰਮੇਟ ਕਰਨ ਲਈ ਅਸੀਂ ਇਸਦੇ ਐਟਰੀਬਿਊਟਸ ਦੀ ਵਰਤੋਂ ਕਰ ਸਕਦੇ ਹਾਂ:**

- **BGCOLOR: ਇਸ ਐਟਰੀਬਿਊਟ ਦੀ ਵਰਤੋਂ ਬਾਡੀ ਭਾਗ ਦੀ ਬੈਕਗ੍ਰਾਊਂਡ ਦਾ ਰੰਗ ਸੈਟ ਕਰਨ ਲਈ ਕੀਤੀ ਕੀਤੀ ਜਾਂਦੀ ਹੈ।**
- **BACKGROUND: ਇਸ ਐਟਰੀਬਿਊਟ ਦੀ ਵਰਤੋਂ ਬਾਡੀ ਭਾਗ ਦੀ ਬੈਕਗ੍ਰਾਊਂਡ ਉਪਰ ਤਸਵੀਰ ਸੈਟ ਕਰਨ ਲਈ ਕੀਤੀ ਜਾਂਦੀ ਹੈ।**
- **TEXT: ਇਸ ਐਟਰੀਬਿਊਟ ਦੀ ਵਰਤੋਂ ਟੈਕਸਟ ਦਾ ਰੰਗ ਬਦਲਣ ਲਈ ਕੀਤੀ ਜਾਂਦੀ ਹੈ।**